ਜਮਾਤ 8ਵੀਂ

ਪਾਠ 2 ਇੰਟਰਨੈੱਟ

## ਲੈਬ ਐਕਟੀਵਿਟੀ:-

**1.** ਪੰਜ ਤੋਂ ਅੱਠ ਵਿਦਿਆਰਥੀਆਂ ਦਾ ਗਰੁੱਪ ਬਣਾਉ, ਲੈਬ ਵਿੱਚ ਜਾਉ ਅਤੇ ਇੰਟਰਨੈੱਟ ਲਈ ਵਰਤੇ ਜਾਣ ਵਾਲੇ ਵੱਖਰੇ ਵੱਖਰੇ ਉਪਕਰਨਾਂ ਬਾਰੇ ਜਾਣਕਾਰੀ ਦਿਉ।

ਉੱਤਰ:- ਕੰਪਿਊਟਰ ਲੈਬ ਵਿੱਚ ਜਾਣ ਸਮੇਂ ਸਰਵਰ ਕੰਪਿਊਟਰ ਵੱਲ ਧਿਆਨ ਨਾਲ ਦੇਖੋ।ਤੁਹਾਨੂੰ ਹੇਠ ਦਿੱਤੀਆਂ ਤਸਵੀਰਾਂ ਵਾਲੇ ਉਪਕਰਨ ਨਜ਼ਰ ਆਉਣਗੇ:-

1. ਮਾਡਮ:




2.ਸਵਿੱਚ:




3.ਟੈਲੀਫੂਨ ਦੀ ਤਾਰ:



4.ਨੈੱਟਵਰਕਿੰਗ ਕੇਬਲ:




5. ਸਰਵਰ ਜਾਂ ਕਲਾਇੰਟ ਕੰਪਿਊਟਰ:



2. ਇੰਟਰਨੈੱਟ ਦੀ ਵਰਤੋਂ ਕਰਦੇ ਹੋਏ ਕਿਸੇ ਵੀ ਟਾਪਿਕ ਜਿਵੇਂ ਕਾਰ , ਮੋਬਾਇਲ, ਕੰਪਿਊਟਰ , ਮੋਟਰਸਾਇਕਲ ਆਦਿ ਦੀ ਖੋਜ ਕਰੋ।

ਉੱਤਰ:- 1. ਸਭ ਤੋਂ ਪਹਿਲਾਂ ਕੰਪਿਊਟਰ ਵਿੱਚ ਇੰਟਰਨੈੱਟ ਚਾਲੂ ਕਰੋ ਅਤੇ ਕੋਈ ਵੀ ਵੈੱਬ ਬਰਾਊਜ਼ਰ ਜਿਵੇਂ ਗੂਗਲ ਕਰੋਮ ਖੋਲ੍ਹੋ ।

2. ਹੁਣ ਗੂਗਲ ਕਰੋਮ ਦੀ ਐੱਡਰੈਸ ਬਾਰ ਵਿੱਚ ਜਾ ਕੇ www.google.com ਸਰਚ ਇੰਜਨ ਖੋਲ੍ਹੋ।




3. ਗੂਗਲ ਕਰੋਮ ਦੇ ਸਰਚ ਇੰਜਨ ਵਿੱਚ ਅਪਣੇ ਲੋੜੀਂਦੇ ਟਾਪਿਕ ਵਾਰੀ ਵਾਰੀ ਇੱਕ ਇੱਕ ਕਰਕੇ ਭਰੋ ਅਤੇ ਐਂਟਰ ਬਟਨ ਦਬਾਉ।

4. ਸਾਹਮਣੇ ਆਈਆਂ ਤਸਵੀਰਾਂ ਅਤੇ ਜਾਣਕਾਰੀ ਨੂੰ ਧਿਆਨ ਨਾਲ ਦੇਖੋ ਅਤੇ ਆਪਣੀ ਕਾਪੀ ਉੱਪਰ ਨੋਟ ਕਰੋ।

3. (a) : www.google.com 'ਤੇ ਕਲਿੱਕ ਕਰੋ।


(b) : **“Fonts of Punjabi”** ਦੀ ਖੋਜ ਕਰੋ।

(c ): ਆਪਣੀ ਜ਼ਰੂਰਤ ਦੇ ਫੋਂਟ ਲੰਿਕ ਉੱਪਰ ਕਲਿੱਕ ਕਰਕੇ ਫੌਂਟਸ ਨੂੰ ਓਪਣੇ ਕੰਪਿਊਟਰ ਵਿੱਚ ਕਾਪੀ ਕਰੋ।

ਉੱਤਰ:- 1. ਆਪਣੇ ਵੈੱਬ ਬਰਾਊਜ਼ਰ ਦੀ ਵਿੰਡੋ ਦੀ ਐਡਰੈਸ ਬਾਰ ਵਿੱਚ ਜਾ ਕੇ www.google.com ਟਾਇਪ ਕਰੋ।

2. ਸਰਚ ਇੰਜਨ ਖੁੱਲ੍ਹਣ ਤੋਂ ਬਾਦ ਸਰਚ ਬਾਰ ਵਿੱਚ ਜਾ ਕੇ **Fonts of Punjabi** ਟਾਇਪ ਕਰੋ।

3. ਇਸ ਨਾਲ ਸਾਰੀਆ ਪੰਜਾਬੀ ਫੌਂਟਸ ਦੇ ਡਾਊਨਲੋਡ ਲੰਿਕ ਕੰਪਿਊਟਰ ਦੀ ਸਕਰੀਨ ਉੱਪਰ ਆ ਜਾਣਗੇ।




4. ਲੋੜੀਂਦੀਆਂ ਪੰਜਾਬੀ ਫੌਂਟਸ ਦੇ ਡਾਊਨਲੋਡ ਲਿੰਕ ਉੱਪਰ ਕਲਿੱਕ ਕਰਕੇ ਉਹਨਾਂ ਨੂੰ ਆਪਣੇ ਕੰਪਿਊਟਰ ਵਿੱਚ ਕਾਪੀ ਕਰੋ।